**BCM SCHOOL BASANT AVENUE DUGRI ROAD LUDHIANA**

**ASSIGNMENT OF IX CLASS**

**ਭਾਗ ੳ ( ਪੜ੍ਹਨ ਕੌਸ਼ਲ)**

***ਹੇਠ ਲਿਖੇ ਵਿਆਕਰਨ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਲਿਖੋ:-**

**1 . ਅਣਡਿੱਠੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ-**

ਕਰਤਾਰ ਸਿੰਘ ਦੁੱਗਲ ਦਾ ਜਨਮ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ ਵਿੱਚ) ਵਿਖੇ 7 ਮਾਰਚ 1917 ਈ: ਨੂੰ ਜੀਵਨ ਸਿੰਘ ਦੁੱਗਲ ਅਤੇ ਸਤਵੰਤ ਕੌਰ ਦੇ ਘਰ ਹੋਇਆ। ਫਾਰਮਨ ਕ੍ਰਿਸਚੀਅਨ ਕਾਲਜ, ਲਾਹੌਰ ਤੋਂ ਐਮ. ਏ. ਅੰਗਰੇਜ਼ੀ ਕਰਨ ਤੋਂ ਬਾਅਦ ਦੁੱਗਲ ਨੇ ਆਪਣਾ ਪ੍ਰੋਫੈਸ਼ਨਲ ਜੀਵਨ 'ਆਲ ਇੰਡੀਆ ਰੇਡਿਓ' ਤੋਂ ਸ਼ੁਰੂ ਕੀਤਾ ਸੀ। ਇਸ ਅਦਾਰੇ ਨਾਲ਼ ਇਹ 1942 ਈ: ਤੋਂ 1966 ਈ: ਤੱਕ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਕੰਮ ਕਰਦੇ ਰਹੇ ਅਤੇ ਸਟੇਸ਼ਨ ਡਾਇਰੈਕਟਰ ਬਣੇ। ਇਸ ਦੌਰਾਨ ਉਹਨਾਂ ਨੇ ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਪ੍ਰੋਗਰਾਮ ਬਣਾਉਣ ਦਾ ਕਾਰਜ-ਭਾਰ ਨਿਭਾਇਆ। ਦੁੱਗਲ 1966 ਈ: ਤੋਂ 1973 ਈ: ਤੱਕ ਨੈਸ਼ਨਲ ਬੁੱਕ ਟਰੱਸਟ ਦੇ ਸਕੱਤਰ ਅਤੇ ਡਾਇਰੈਕਟਰ ਵੀ ਰਹੇ। ਓਹਨਾਂ ਨੇ ਸੂਚਨਾ ਅਡਵਾਈਜ਼ਰ ਵਜੋਂ 'ਮਨਿਸਟਰੀ ਆਫ਼ ਇਨਫ਼ਰਮੇਸ਼ਨ ਐਂਡ ਬਰਾਡਕਾਸਟਿੰਗ (ਪਲੈਨਿੰਗ ਕਮਿਸ਼ਨ)' ਵਿੱਚ ਵੀ ਕੰਮ ਕੀਤਾ। ਉਹ ਰਾਜ ਸਭਾ ਦੇ ਮੈਂਬਰ ਵੀ ਰਹੇ।

ਉਹ ਕਈ ਸੰਸਥਾਵਾਂ ਦੇ ਸੰਸਥਾਪਕ ਵੀ ਸਨ, ਜਿਹਨਾਂ ਵਿੱਚ ਰਾਜਾ ਰਾਮਮੋਹਨ ਰਾਏ ਲਾਇਬਰੇਰੀ ਫਾਊਂਡੇਸ਼ਨ, ਇਨਸਟੀਚਿਊਟ ਆਫ਼ ਸੋਸ਼ਲ ਐਂਡ ਇਕਨੌਮਿਕ ਚੇਂਜ ਬੰਗਲੌਰ, ਜ਼ਾਕਿਰ ਹੁਸੈਨ ਐਜੂਕੇਸ਼ਨਲ ਫਾਊਂਡੇਸ਼ਨ ਸ਼ਾਮਲ ਹਨ। ਉਹ ਸਾਹਿਤਕ ਖੇਤਰ ਦੀਆਂ ਕਈ ਸੰਸਥਾਵਾਂ ਦੇ ਆਹੁਦੇਦਾਰ ਵੀ ਰਹੇ। ਉਹ 1984 ਵਿੱਚ ਪੰਜਾਬੀ ਯੂਨੀਵਰਸਿਟੀ ਦੇ ਨੌਮੀਨੇਟਿਡ ਫ਼ੈਲੋ ਬਣੇ। ਅਗਸਤ 1977 ਈ: ਨੂੰ ਉਹਨਾਂ ਨੂੰ ਸਤਿਕਾਰ ਦਿੰਦਿਆਂ ਰਾਜ ਸਭਾ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ।

ਪ੍ਰਸ਼ਨ ਉੱਤਰ:- 1.ਕਰਤਾਰ ਸਿੰਘ ਦੁੱਗਲ ਦਾ ਜਨਮ ਕਦੋਂ ਹੋਇਆ?

ੳ) 1942 ਈ: ਅ) 1917 ਈ: ੲ) 1966 ਈ: ਸ) 1973 ਈ:

2.. ਕਰਤਾਰ ਸਿੰਘ ਦੁੱਗਲ 'ਸੂਚਨਾ ਅਡਵਾਈਜ਼ਰ' ਕਿਸ ਅਦਾਰੇ ਵਿੱਚ ਰਹੇ?

ੳ) ਫਾਰਮਨ ਕ੍ਰਿਸਚੀਅਨ ਕਾਲਜ, ਲਾਹੌਰ

ਅ)ਮਨਿਸਟਰੀ ਆਫ਼ ਇਨਫ਼ਰਮੇਸ਼ਨ ਐਂਡ ਬਰਾਡਕਾਸਟਿੰਗ (ਪਲੈਨਿੰਗ ਕਮਿਸ਼ਨ)

ੲ)ਜ਼ਾਕਿਰ ਹੁਸੈਨ ਐਜੂਕੇਸ਼ਨਲ ਫਾਊਂਡੇਸ਼ਨ ਸ)ਆਲ ਇੰਡੀਆ ਰੇਡਿਓ

3. ਕਰਤਾਰ ਸਿੰਘ ਦੁੱਗਲ ਸਾਹਿਤ ਦੀ ਕਿਸ ਵਿਧਾ ਦੇ ਲੇਖਕ ਵੱਜੋਂ ਪ੍ਰਸਿੱਧ ਹਨ? *

ੳ) ਨਾਵਲ ਅ)ਕਹਾਣੀ ੲ)ਕਵਿਤਾ ਸ)ਨਾਟਕ

**2. ਅਣਡਿੱਠੀ ਕਾਵਿ ਟੁਕੜੀ**

ਮਨੁੱਖਾ ਜਨਮ ਅਮੋਲਕ ਬੱਚਿਓ, ਲੋਕਾਂ ਨੂੰ ਤੁਸੀਂ ਜਾ ਸਮਝਾਓ।

“ਤਲਵੰਡੀ” ਸਰ ਦੀ ਇੱਕ-ਇੱਕ ਗੱਲ, ਕੱਲੇ-ਕੱਲੇ ਦੇ ਦਿਮਾਗ਼ ‘ਚ ਪਾਓ।

ਹਰ ਨਸ਼ਾ ਹੈ ਜ਼ਹਿਰ ਬੱਚਿਓ, ਲੋਕਾਂ ਨੂੰ ਤੁਸਾਂ ਜਾ ਕੇ ਕਹਿਣਾ।

ਪ੍ਰਸ਼ਨ ਉੱਤਰ:- 1. ਅਮੋਲਕ ਤੋਂ ਕੀ ਭਾਵ ਹੈ? 2. ਕਿਸ ਚੀਜ਼ ਨੂੰ ਅਮੋਲਕ ਕਿਹਾ ਗਿਆ ਹੈ?

3. ਹਰ ਨਸ਼ਾ ਕਿਸ ਦੇ ਸਮਾਨ ਹੈ?

ਭਾਗ ਅ ( ਵਿਆਕਰਨ)

**3. ਵਿਰੋਧੀ ਸ਼ਬਦ:**

ੳ) ਸਰਕਾਰ ਵੱਲੋਂ ਵੱਖ-ਵੱਖ ਜਨਤਕ ਥਾਵਾਂ ਨੂੰ ਪਾਰਕਾ ਦਾ ਰੂਪ ਦੇ ਕੇ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਵਾਕ ਵਿਚ ਆਏ ਸ਼ਬਦ 'ਜਨਤਕ' ਦਾ ਸਹੀ ਵਿਰੋਧੀ ਸ਼ਬਦ ਚੁਣੋ।

i) ਸਮਾਜਕ ii) ਜਨਹਿੱਤ iii) ਘਰੋਗੀ iv) ਬਾਜ਼ਾਰੀ

ਅ) <u>'ਟਹਿਕਣਾ'</u> ਛੋਟੇ ਬੱਚਿਆ ਦਾ ਇੱਕ ਦਿਲਕਸ਼ ਅੰਦਾਜ਼ ਹੁੰਦਾ ਹੈ। ਵਾਕ ਵਿਚ ਲਕੀਰੇ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਲੱਭ ਕੇ ਲਿਖੋ?

i) ਝਿੜਕਣਾ ii) ਕੁਮਲਾਉਣਾ iii) ਬੇਟਹਿਕਣਾ iv) ਇਨ੍ਹਾਂ ਵਿਚੋਂ ਕੋਈ ਵੀ ਨਹੀਂ

**4. ਲਿੰਗ ਬਦਲੋ:**

ੳ) ਹੇਠ ਲਿਖੇ ਗਏ ਵਿਕਲਪਾਂ ਵਿੱਚੋਂ ਸਹੀ ਇਸਤਰੀ ਲਿੰਗ ਸ਼ਬਦਾਂ ਵਾਲਾ ਵਿਕਲਪ ਚੁਣੋ?

i) ਚੰਨ,ਧਰਤੀ,ਸੂਰਜ ii) ਕੁਰਸੀ ਫੌਜਣ,ਦਰਜੀ iii) ਧਰਤੀ ਮਾਤਾ,ਜੇਠ iv) ਮੋਰਨੀ ਜੇਠਾਣੀ, ਫੌਜਣ

ਅ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਕਲਪ ਚੁਣੋ?

i) ਮਜ਼ਦੂਰ ਦੇ ਹੱਥੋਂ ਹਥਿਤੀ ਛੁੱਟ ਗਿਆ। ii) ਮਜ਼ਦੂਰਨੀ ਦੇ ਹੱਥੋਂ ਹਥੌੜੀ ਛੁੱਟ ਗਈ|

iii) ਵਾਕ 1 ਤੇ ii ਦੋਨੋਂ ਸਹੀ ਹਨ iv) ਦੋਨੋਂ ਗ਼ਲਤ ਹੈ

**5. ਸ਼ੁੱਧ ਅਸ਼ੁੱਧ:**

ੳ) ਸਹੀ ਸ਼ੁੱਧ ਸ਼ਬਦ ਚੁਣਦੇ ਹੋਏ ਵਾਕ ਵਿਚਲੀ ਖਾਲੀ ਥਾਂ ਭਰੋ।

ਗੁਰਜੰਟ ਨੇ ਜਿਵੇਂ ਹੀ ਬੈਹੀ ਲੱਸੀ ਦਾ ਛੰਨਾ___ਉਹਨਾਂ ਦਾ____ ਸੋਜ ਵਿੱਚ ਆ ਗਿਆ ਤੇ ਉਹ ਦਰਦ ਨਾਲ ਚਿਚਲਾਉਣ ਲੱਗੇ। (ਪਿਤਾ/ਪੀਤਾ/ਪਿੱਤਾ)

**6.ਵਿਸਮਿਕ ਅਤੇ ਉਸਦੀਆਂ ਕਿਸਮਾਂ:-ਕੋਈ ਦੋ ਪ੍ਰਸ਼ਨ ਹੱਲ ਕਰੋ।**

ੳ) ਉਏ ਭਲੀਏ ਲੋਕੇ! ਇਹ ਜਿਹੜੀ ਪੰਜ ਰੁਪਏ ਤਨਖਾਹ ਵਧੀ ਏ, ਸਮਝੀ ਵਧੀ ਹੀ ਨਹੀਂ। ਵਾਕ ਵਿੱਚੋਂ ਵਿਸਮਿਕ ਚੁਣ ਕੇ ਉਸਦੀ ਕਿਸਮ ਵੀ ਦੱਸੋ?

ਅ) ਵੇਖ ਕੇ! ਸੁਣੋ! ਹੁਸ਼ਿਆਰ! ਸ਼ਬਦ ਕਿਸ ਕਿਸਮ ਦੇ ਵਿਸਮਿਕ ਹਨ।

ੲ) ਆਹਾ ! ਕਿੰਨਾ ਸੁਹਾਵਣਾ ਮੌਸਮ ਹੈ। ਵਾਕ ਕਿਹੜੀ ਕਿਸਮ ਦੇ ਵਿਸਮਿਕ ਨਾਲ ਸੰਬੰਧਿਤ ਹੈ?

**7. ਕਿਰਿਆ ਅਤੇ ਉਸ ਦੀਆਂ ਕਿਸਮਾਂ**:

ੳ) ਕਿਸੇ ਵਾਕ ਦੀ ਬਣਤਰ ਵਿੱਚ ਕਿਹੜੇ ਤਿੰਨ ਮੁਢਲੇ ਤੱਤ ਕਾਰਜਸ਼ੀਲ ਹੁੰਦੇ ਹਨ?

ਅ) ਵਾਕ ਵਿੱਚ ਕਰਮ ਤੇ ਕਿਰਿਆ ਦਾ ਕੀ ਸੰਬੰਧ ਹੁੰਦਾ ਹੈ?

ੲ) 'ਮੈਂ ਕੁੜੀ ਦਾ ਵਿਆਹ ਕਰਨੇ, ਮੈਨੂੰ ਲੋੜ ਨਹੀਂ। ਵਾਕ ਕਿਹੜੀ ਕਿਸਮ ਦੀ ਕਿਰਿਆ ਦੀ ਉਦਾਹਰਨ ਹੈ।

**8.ਮੁਹਾਵਰੇ**:ਹੇਠ ਲਿਖੇ ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਏ

ਇੱਟ ਘੜੇ ਦਾ ਵੈਰ,ਇੱਕੋ ਡੱਗੇ ਪਿੰਡ ਮੰਗਣਾ,ਈਨ ਮੰਨਣੀ,ਇੱਟ ਖੜਿਕਾ ਹੋਣਾ

ਭਾਗ ੲ ( ਲਿਖਣ ਕੌਸ਼ਲ)

9.**ਪਾਣੀ ਦਾ ਨੀਵਾਂ ਹੋ ਰਿਹਾ ਪੱਧਰ**

**( ਨੁਕਤੇ:- ਭੂਮਿਕਾ, ਧਰਤੀ ਹੇਠਾਂ ਪਾਣੀ ਦੇ ਨੀਵੇਂ ਹੋਣ ਤੋਂ ਭਾਵ, ਧਰਤੀ ਹੇਠਲੇ ਪਾਣੀ ਦਾ ਮਹੱਤਵ, ਪਾਣੀ ਦੇ ਪੱਧਰ ਦਾ ਨੀਵਾਂ ਹੋਣ ਦੇ ਕਾਰਨ, ਫਸਲੀ ਚੱਕਰ ਵਿੱਚ ਤਬਦੀਲੀ ਦੀ ਲੋੜ, ਮੀਂਹ ਦੇ ਪਾਣੀ ਦੀ ਸੰਭਾਲ, ਪਾਣੀ ਦੀ ਵਰਤੋਂ ਪ੍ਰਤੀ ਸੁਚੇਤ ਹੋਣਾ, ਸਾਰਾਂਸ਼)**

**10. ਤੁਹਾਡਾ ਨਾਮ ਦੀਪਿੰਦਰ ਹੈ। ਤੁਹਾਡੇ ਭਰਾ ਰੁਪਿੰਦਰ ਨੇ ਦਸਵੀਂ ਦੇ ਇਮਤਿਹਾਨ ਦੇਣੇ ਹਨ। ਉਸ ਨੂੰ ਨਕਲ ਦੀਆਂ ਬੁਰਾਈਆਂ ਦੱਸਦੇ ਹੋਏ ਨਕਲ ਤੋਂ ਪਰਹੇਜ਼ ਕਰਨ ਲਈ ਪੱਤਰ ਲਿਖੋ।**

**11. ਤਸਵੀਰ ਵਰਨਣ**



**ਭਾਗ ਸ ( ਪਾਠ ਪੁਸਤਕਾਂ ਤੇ ਅਧਾਰਤ)**

**12. ਅਤਿ ਛੋਟੇ ਪ੍ਰਸ਼ਨ ਉੱਤਰ:-**

ੳ ) ਲੇਖਕ ਉੱਪਲ ਦੁਆਰਾ ਲਿਖੀ ਗਈ ਕਹਾਣੀ 'ਜਨਮਦਿਨ ਕਿਹੜੇ ਕਹਾਣੀ ਸੰਗ੍ਰਹਿ ਵਿਚੋਂ ਲਈ ਗਈ?

i) ਲਛਮਣ ਰੇਖਾ ii) ਏਹ ਹਮਾਰਾ ਜੀਵਣਾ iii) ਭਰਾ ਭਰਾਵਾਂ ਦੇ iv) ਮੇਰੇ ਸਾਈਆਂ ਜੀਓ

ਅ) 'ਸਾਂਝੀ ਕੰਧ' ਕਹਾਣੀ ਵਿੱਚ ਜਿਸ ਕੰਧ ਦਾ ਰੌਲਾ ਚੱਲਦਾ ਹੈ ਉਸ ਦੀ ਗਿਣਤੀ ਮਿਣਤੀ ਕਿੰਨੀ ਸੀ?

1) 40 ਫੁੱਟ ਲੰਮੀ ਚੌਦਾਂ ਫੁੱਟ ਉੱਚੀ ਡੇਢ ਇੱਟ ਚੌੜੀ

ii) 45 ਫੁੱਟ ਲੰਮੀ ਡੇਢ ਇੱਟ ਚੌੜੀ ਚੰਦਾ ਫੁੱਟ ਉੱਚੀ

iii) 40 ਫੁੱਟ ਲੰਮੀ ਚੌਦਾਂ ਫੁੱਟ ਉੱਚੀ ਤਿੰਨ ਇੱਟ ਚੌੜੀ

iv) ਕੋਈ ਵੀ ਨਹੀ

ੲ) 'ਮੈਂ ਵਿੱਚ ਕਿਹੜੀ ਚੀਜ ਭਾਰੂ ਹੁੰਦੀ ਹੈ?

i) ਹਉਮੈ ii) ਅਧੀਨਗੀ iii) ਦੋਨੋਂ ਹੀ iv) ਕੋਈ ਵੀ ਨਹੀਂ

ਸ) ਬੀਜੀ ਸਿਰਜਨਾ ਨੂੰ ਕਿੱਥੇ ਭੇਜਣ ਦੀ ਧਮਕੀ ਦਿੰਦੀ ਹੈ?

i) ਸਹੁਰੇ ii) ਪੇਕੇ iii) ਨਾਨਕੇ iv) ਪਤੀ ਦੇ ਘਰ

ਹ) ਕੰਨੀ ਤੋਂ ਕੀ ਭਾਵ ਹੈ? i) ਕੰਨਾਂ ii) ਪੱਲਾ iii) ਕੱਪੜਾ iv) ਧਾਗਾ

ਹ) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਫਲਾਂ ਦਾ ਜ਼ਿਕਰ ਆਉਂਦਾ ਹੈ?

i) ਲੁਕਾਠ, ਅੰਬ,ਬੇਰ ii) ਬੇਰ, ਅੰਬ, ਕੂੰਜਾਂ iii)ੳ ਅਤੇ ਅ ਦੋਨੋਂ ਹੀ iv) ੳ ਤੇ ਅ ਦੋਵੇਂ ਨਹੀਂ

ਹ) 'ਪੰਜਾਬ ਦੀ ਬੁਲਬੁਲ' ਕਿਹੜੇ ਕਵੀ ਨੂੰ ਕਿਹਾ ਗਿਆ ਹੈ?

i) ਫਿਰੋਜ਼ੀਨ ਸਰਫ ii) ਧਨੀ ਰਾਮ ਚਾਤ੍ਰਿਕ iii) ਭਾਈ ਵੀਰ ਸਿੰਘ iv) ਸੂਬਾ ਸਿੰਘ

**13.ਛੋਟੇ ਪ੍ਰਸ਼ਨ ਉੱਤਰ:-**

ੳ) ਅੰਗਰੇਜ਼ੀ ਸਕੂਲ ਦਾ ਪ੍ਰਿੰਸੀਪਲ ਜੁਗਲ ਪ੍ਰਸ਼ਾਦ ਨੂੰ ਪੱਤਰ ਕਿਉਂ ਲਿਖਦਾ ਹੈ ਪਾਠ ਜਨਮ ਦਿਨ ਦੇ ਅਧਾਰ ਉੱਤੇ ਤੇ ਲਿਖੋ?

ਅ) ਕਪੂਰ ਸਿੰਘ ਦਰਬਾਰੇ ਨੂੰ ਕਿਹੜੀ ਗੱਲ ਲਈ ਮਨਾਉਣਾ ਚਾਉਂਦਾ ਹੈ ਅਤੇ ਕਿਉਂ?

ੲ) ਸਿਰਜਨਾ ਨੂੰ ਆਪਣੀ ਸਿਰਜਣਾ ਭਾਵ ਆਪਣੀ ਹੋਣ ਵਾਲੀ ਔਲਾਦ ਤੋਂ ਕੀ ਉਮੀਦ ਹੈ?

ਸ) ਦੋਸਤ ਮੁਹੰਮਦ ਖਾਨ ਕੌਣ ਸੀ? ਉਸ ਨੂੰ ਵੇਖ ਕੇ ਲੇਖਕ ਨੂੰ ਕੀ ਮਹਿਸੂਸ ਹੋਇਆ?

ਹ) ਕਿਹੜੀਆ ਬੁਰੀਆਂ ਆਦਤਾਂ ਛੱਡਣ ਨਾਲ ਖੁਸ਼ੀ ਮਿਲਦੀ ਹੈ?

ਕ) ਲੇਖਕ ਦੀਆ ਕਿਹੜੀਆਂ ਯਾਦਾਂ ਭੇਰੇ ਨਾਲ ਜੁੜੀਆਂ ਹੋਈਆਂ ਸੀ?

ਖ) ਕੰਧ ਬਣਾਉਣ ਵੇਲੇ ਕਿਹੜੀ ਮਾੜੀ ਘਟਨਾ ਵਾਪਰੀ ਸੀ? ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

14. ਵੱਡੇ ਪ੍ਰਸ਼ਨ ਉੱਤਰ (ਕਵਿਤਾ ਅਤੇ ਵਾਰਤਕ) ਕੋਈ ਦੋ ਪ੍ਰਸ਼ਨ ਕਰੋ:-

ੳ) ਵਿਸਾਖੀ ਦਾ ਮੇਲਾ ਲੱਗਣ ਸਮੇਂ ਵਾਤਾਵਰਨ ਵਿੱਚ ਕਿਹੜੇ ਕਿਹੜੇ ਬਦਲਾਅ ਵੇਖਣ ਨੂੰ ਮਿਲਦਾ ਹੈ?

ਜਾਂ

*ਕਵੀ ਨੇ ਪੁਰਾਣੀ ਤਹਿਜ਼ੀਬ ਅਤੇ ਨਵੀਂ ਤਹਿਜ਼ੀਬ ਨੂੰ ਕਿਸ ਕਿਸ ਚੀਜ਼ ਦਾ ਰੁਤਬਾ ਦਿੱਤਾ ਹੈ?

ਅ) 'ਮੈਂ' ਦਾ ਕੀ ਅਰਥ ਹੈ? ਇਹ ਕਿਹੜਾ ਨੁਕਸਾਨ ਕਰਦੀ ਹੈ? ਆਪਣਾ ਉੱਤਰ ਪਾਠ ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ ਦੇ ਅਧਾਰ ਤੇ ਲਿਖੋ?

8m

15. ਵੱਡੇ ਪ੍ਰਸ਼ਨ ਉੱਤਰ (ਇਕਾਂਗੀ ਵਿੱਚੋਂ) ਕੋਈ ਇੱਕ ਕਰੋ:-

ੳ) ਬੀਜੀ ਦਾ ਪਾਤਰ ਚਿੱਤਰਣ ਲਿਖੋ?

ਅ) ਕੀ ਸਿਰਜਣਾ ਇਕਾਂਗੀ ਦਾ ਸਿਰਲੇਖ ਪਾਠ ਦੀ ਕਹਾਣੀ ਉੱਪਰ ਢੁੱਕਦਾ ਹੈ? ਆਪਣੇ ਵਿਚਾਰ ਪੇਸ਼ ਕਰੋ ? 4m